# ਕੀ ਮੈਂ ਕਰ ਸਕਦਾ ਹਾਂ ਜਾਂ ਨਹੀਂ ਕਰ ਸਕਦਾ?

**ਅੱਗ ਦੀ ਸੂਚਨਾ ਦੇਣ ਲਈ 000 ਡਾਇਲ ਕਰੋ**

ਅਗਸਤ 2025

Punjabi | ਪੰਜਾਬੀ

ਇਹ ਗਾਈਡ ਤੁਹਾਨੂੰ ਇਸ ਬਾਰੇ ਆਮ ਜਾਣਕਾਰੀ ਦਿੰਦੀ ਹੈ ਕਿ ਤੁਸੀਂ ਐਲਾਨੇ ਗਏ 'ਫਾਇਰ ਡੇਂਜਰ ਪੀਰੀਅਡਸ' (ਅੱਗ ਲੱਗਣ ਦੇ ਖ਼ਤਰੇ ਦੇ ਸਮੇਂ ਦੌਰਾਨ) ਅਤੇ 'ਟੋਟਲ ਫਾਇਰ ਬੈਨ (ਅੱਗ ਬਾਲਣ 'ਤੇ ਪੂਰਨ ਪਾਬੰਦੀ ਵਾਲੇ ਦਿਨਾਂ) ਦੌਰਾਨ ਕੀ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ, ਜਦੋਂ ਖੁੱਲ੍ਹੀ ਹਵਾ ਵਿੱਚ ਅੱਗ ਬਾਲਣ 'ਤੇ ਕਾਨੂੰਨੀ ਤੌਰ 'ਤੇ ਪਾਬੰਦੀ ਹੁੰਦੀ ਹੈ।

CFA ਵਿਕਟੋਰੀਆ ਵਿੱਚ ਅੱਗ ਲੱਗਣ ਦੇ ਵੱਧ ਖ਼ਤਰੇ ਵਾਲੇ ਸਮੇਂ ਦੌਰਾਨ 'ਫਾਇਰ ਡੇਂਜਰ ਪੀਰੀਅਡਸ' (Fire Danger Periods) ਦਾ ਐਲਾਨ ਕਰਦੀ ਹੈ ਅਤੇ ਰਾਜ ਭਰ ਦੇ ਵੱਖ-ਵੱਖ ਖੇਤਰਾਂ ਲਈ ਵੱਖ-ਵੱਖ ਸਮੇਂ ਦਾ ਐਲਾਨ ਕਰ ਸਕਦਾ ਹੈ। ਆਪਣੇ ਖੇਤਰ ਬਾਰੇ ਹੋਰ ਵੇਰਵਿਆਂ ਲਈ CFA ਦੀ ਵੈੱਬਸਾਈਟ cfa.vic.gov.au ਵੇਖੋ। ਰਾਜ ਦੇ ਜੰਗਲਾਂ, ਰਾਸ਼ਟਰੀ ਪਾਰਕਾਂ ਅਤੇ ਕਾਨੂੰਨੀ ਤੌਰ 'ਤੇ ਸੁਰੱਖਿਅਤ ਸਰਕਾਰੀ ਜ਼ਮੀਨਾਂ ਵਿੱਚ ਅੱਗ ਸੰਬੰਧੀ ਪਾਬੰਦੀਆਂ ਸਾਰਾ ਸਾਲ ਲਾਗੂ ਰਹਿੰਦੀਆਂ ਹਨ। ਇਨ੍ਹਾਂ ਖੇਤਰਾਂ ਵਿੱਚ ਅੱਗ ਸੰਬੰਧੀ ਪਾਬੰਦੀਆਂ ਬਾਰੇ ਸਲਾਹ ਲਈ 'ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ' (Department of Energy, Environment and Climate Action, DEECA) ਨਾਲ ਸੰਪਰਕ ਕਰੋ। ਨਾਲ ਹੀ, ਹਮੇਸ਼ਾ ਆਪਣੀ ਨਗਰਪਾਲਿਕਾ ਤੋਂ ਪਤਾ ਕਰੋ ਕਿਉਂਕਿ ਕੁੱਝ ਖੇਤਰਾਂ ਵਿੱਚ ਪਾਬੰਦੀਆਂ ਸਾਰਾ ਸਾਲ ਲਾਗੂ ਹੁੰਦੀਆਂ ਹਨ।

CFA ਦੁਆਰਾ ਉਨ੍ਹਾਂ ਦਿਨਾਂ 'ਤੇ ਟੋਟਲ ਫਾਇਰ ਬੈਨ (ਅੱਗ 'ਤੇ ਪੂਰਨ ਪਾਬੰਦੀ) ਦਾ ਐਲਾਨ ਕੀਤਾ ਜਾਂਦਾ ਹੈ ਜਦੋਂ ਅੱਗ ਦੇ ਤੇਜ਼ੀ ਨਾਲ ਫ਼ੈਲਣ ਦੀ ਸੰਭਾਵਨਾ ਹੁੰਦੀ ਹੈ ਅਤੇ ਕਾਬੂ ਕਰਨੀ ਮੁਸ਼ਕਲ ਹੁੰਦੀ ਹੈ। ਇਹ ਪੂਰੇ ਵਿਕਟੋਰੀਆ ਜਾਂ ਚੁਣੇ ਹੋਏ ਜ਼ਿਲ੍ਹਿਆਂ 'ਤੇ ਲਾਗੂ ਹੋ ਸਕਦੀ ਹੈ। 'ਫਾਇਰ ਡੇਂਜਰ ਪੀਰੀਅਡ' (Fire Danger Period) ਅਤੇ 'ਟੋਟਲ ਫਾਇਰ ਬੈਨ' ਵਾਲੇ ਦਿਨਾਂ (Total Fire Ban Days) ਦੌਰਾਨ ਗ਼ੈਰ -ਕਾਨੂੰਨੀ ਤੌਰ 'ਤੇ ਅੱਗ ਬਾਲਣ ਲਈ ਦੰਡ ਵਿੱਚ ਭਾਰੀ ਜੁਰਮਾਨੇ ਅਤੇ ਕੈਦ ਦੀ ਸਜ਼ਾ ਹੋ ਸਕਦੀ ਹੈ।

## ਕੀ ਮੈਂ ਬਾਰਬੀਕਿਊ ਕਰ ਸਕਦਾ ਹਾਂ, ਕੈਂਪ ਫਾਇਰ (ਕੈਂਪ ਵਿੱਚ ਧੂਣੀਨੁਮਾ ਅੱਗ) ਬਾਲ ਸਕਦਾ ਹਾਂ ਜਾਂ ਨਿੱਘ ਜਾਂ ਆਰਾਮ ਲਈ ਅੱਗ ਬਾਲ ਸਕਦਾ ਹਾਂ?





### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਹਵਾ ਦੀ ਗਤੀ 10 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਨਾ ਹੋਵੇ (ਇਹ ਉਸ ਸਮੇਂ ਦੇਖਿਆ ਜਾ ਸਕਦਾ ਹੈ ਜਦੋਂ ਪੱਤੇ ਅਤੇ ਛੋਟੀਆਂ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ)
- ਅੱਗ ਨੂੰ **ਸਹੀ ਢੰਗ ਨਾਲ ਬਣਾਏ ਗਏ ਚੁੱਲ੍ਹੇ** ਵਿੱਚ ਜਾਂ ਘੱਟੋ-ਘੱਟ 30 ਸੈਂਟੀਮੀਟਰ ਡੂੰਘੇ ਟੋਏ ਵਿੱਚ ਬਾਲਿਆ ਗਿਆ ਹੋਵੇ
- ਅੱਗ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਦੇ ਅੰਦਰ ਦਾ ਖੇਤਰ ਅਤੇ ਅੱਗ ਦਾ ਸਭ ਤੋਂ ਉੱਪਰਲਾ ਹਿੱਸਾ ਜਲਣਸ਼ੀਲ ਸਮੱਗਰੀ ਤੋਂ ਮੁਕਤ ਹੋਵੇ
- ਅੱਗ 1 ਵਰਗ ਮੀਟਰ ਤੋਂ ਵੱਧ ਦੇ ਖੇਤਰ ਵਿੱਚ ਨਾ ਹੋਵੇ ਅਤੇ ਵਰਤੇ ਗਏ ਠੋਸ ਬਾਲਣ ਦਾ ਆਕਾਰ ਅਤੇ ਮਾਪ ਇਸ ਉਦੇਸ਼ ਲਈ ਘੱਟੋ-ਘੱਟ ਹੋਵੇ
- ਜਦੋਂ ਤਕ ਅੱਗ ਜਲ ਰਹੀ ਹੁੰਦੀ ਹੈ, ਉਸ ਸਮੇਂ ਹਮੇਸ਼ਾ ਇੱਕ ਵਿਅਕਤੀ ਉੱਥੇ ਮੌਜੂਦ ਹੋਵੇ ਅਤੇ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਰੱਖਦਾ ਹੋਵੇ
- ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਗਿਆ ਹੋਵੇ, ਇਸ ਤੋਂ ਪਹਿਲਾਂ ਕਿ ਉਹ ਵਿਅਕਤੀ ਉੱਥੋਂ ਚਲਾ ਜਾਵੇ

ਧਿਆਨ ਦਿਓ ਕਿ CFA ਐਕਟ 1958 ਵਿੱਚ ਦਿੱਤੀ ਪਰਿਭਾਸ਼ਾ ਅਨੁਸਾਰ, ਇੱਕ ਸਹੀ ਢੰਗ ਨਾਲ ਬਣਿਆ ਚੁੱਲ੍ਹਾ ਉਹ ਹੁੰਦਾ ਹੈ ਜੋ ਪੱਥਰ, ਧਾਤੂ, ਕੰਕਰੀਟ ਜਾਂ ਕਿਸੇ ਹੋਰ ਗ਼ੈਰ-ਜਲਣਸ਼ੀਲ ਸਮੱਗਰੀ ਨਾਲ ਬਣਿਆ ਹੋਵੇ ਜੋ ਅੱਗ ਦੇ ਘੇਰੇ ਨੂੰ ਪੂਰੀ ਤਰ੍ਹਾਂ ਘੇਰੇ। ਵਪਾਰਕ ਤੌਰ 'ਤੇ ਤਿਆਰ ਕੀਤੇ ਗਏ ਬਾਰਬਿਕਯੂ ਜਾਂ ਪੋਰਟੇਬਲ ਗੈਸ ਸਟੋਵ ਨੂੰ ਵੀ ਇੱਕ ਸਹੀ ਢੰਗ ਨਾਲ ਬਣੇ ਚੁੱਲ੍ਹੇ (ਫਾਇਰਪਲੇਸ) ਵਜੋਂ ਮੰਨਿਆ ਜਾਂਦਾ ਹੈ।


### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ ਸਾਰੀਆਂ ਕੈਂਪ ਫਾਇਰਾਂ, ਨਿੱਘ ਜਾਂ ਨਿੱਜੀ ਆਰਾਮ ਲਈ ਅੱਗ ਬਾਲਣ 'ਤੇ ਪਾਬੰਦੀ ਲਾਗੂ ਹੈ। 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ ਠੋਸ ਅਤੇ ਤਰਲ ਬਾਲਣ ਨਾਲ ਚੱਲਣ ਵਾਲੇ ਬਾਰਬਿਕਯੂ ਅਤੇ ਓਵਨ (ਹੈਂਗੀ ਸਮੇਤ) 'ਤੇ ਵੀ ਪਾਬੰਦੀ ਹੈ।**

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਇਹ ਬਾਰਬਿਕਯੂ ਸਿਰਫ਼ ਗੈਸ ਜਾਂ ਬਿਜਲੀ ਦੀ ਵਰਤੋਂ ਕਰਦਾ ਹੋਵੇ ਅਤੇ ਇਹ ਪੱਥਰ, ਧਾਤ, ਕੰਕਰੀਟ ਜਾਂ ਕਿਸੇ ਹੋਰ ਗੈਰ-ਜਲਣਸ਼ੀਲ ਸਮੱਗਰੀ ਤੋਂ ਬਣਿਆ ਇੱਕ ਪੱਕੇ ਤੌਰ 'ਤੇ ਬਣਿਆ ਢਾਂਚਾ ਹੋਵੇ ਜੋ ਸਿਰਫ਼ ਭੋਜਨ ਬਣਾਉਣ ਲਈ ਤਿਆਰ ਕੀਤਾ ਗਿਆ ਹੋਵੇ, ਜਾਂ ਸਿਰਫ਼ ਭੋਜਨ ਬਣਾਉਣ ਲਈ ਵਪਾਰਕ ਤੌਰ 'ਤੇ ਡਿਜ਼ਾਈਨ ਕੀਤਾ ਗਿਆ ਅਤੇ ਤਿਆਰ ਕੀਤਾ ਗਿਆ ਹੋਵੇ (ਜਿਸ ਵਿੱਚਪੋਰਟੇਬਲ ਗੈਸ ਬਾਰਬਿਕਯੂ ਅਤੇ ਪੋਰਟੇਬਲ ਗੈਸ ਸਟੋਵ ਵੀ ਸ਼ਾਮਿਲ ਹਨ), ਅਤੇ ਜਦੋਂ ਇਨ੍ਹਾਂ ਵਿੱਚ ਅੱਗ ਚੱਲ ਰਹੀ ਹੋਵੇ ਤਾਂ ਇਹ ਸਥਿਰ ਸਥਿਤੀ ਵਿੱਚ ਰੱਖਿਆ ਗਿਆ ਹੋਵੇ
- ਬਾਰਬਿਕਯੂ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਤੱਕ ਦਾ ਖੇਤਰ ਜਲਣਸ਼ੀਲ ਸਮੱਗਰੀ ਤੋਂ ਮੁਕਤ ਹੋਵੇ
- ਤੁਹਾਡੇ ਕੋਲ ਜਾਂ ਤਾਂ ਪਾਣੀ ਦੀ ਸਪਲਾਈ ਨਾਲ ਜੁੜੀ ਪਾਈਪ ਹੋਵੇ ਜਾਂ ਤੁਰੰਤ ਵਰਤੋਂ ਲਈ ਘੱਟੋ-ਘੱਟ 10 ਲੀਟਰ ਪਾਣੀ ਵਾਲਾ ਡੱਬਾ ਮੌਜੂਦ ਹੋਵੇ।
- ਜਦੋਂ ਅੱਗ ਜਲ ਰਹੀ ਹੋਵੇ, ਤਾਂ ਉਸ ਸਮੇਂ ਇੱਕ ਬਾਲਗ ਵਿਅਕਤੀ ਹਮੇਸ਼ਾ ਉੱਥੇ ਮੌਜੂਦ ਹੋਵੇ ਜਿਸਦੇ ਕੋਲ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਹੋਣ
- ਬਾਲਗ ਵਿਅਕਤੀ ਦੇ ਉੱਥੋਂ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਬੁਝਾ ਦਿੱਤੀ ਗਈ ਹੋਵੇ।

## ਮੈਂ ਖਾਣਾ ਤਿਆਰ ਕਰਨ ਦਾ ਕਾਰੋਬਾਰ ਚਲਾਉਂਦਾ ਹਾਂ (ਜਿਵੇਂ ਕਿ ਕੇਟਰਿੰਗ), ਜਾਂ ਮੈਂ ਕੋਈ ਕਮਿਊਨਿਟੀ/ਚੈਰੀਟੇਬਲ/ਫੰਡਰੇਜ਼ਿੰਗ ਜਾਂ ਇਸ ਤਰ੍ਹਾਂ ਦੀ ਸੰਸਥਾ ਹਾਂ। ਕੀ ਮੈਂ ਬਾਹਰੀ ਸਮਾਗਮਾਂ ਵਿੱਚ ਬਾਰਬਿਕਯੂ, ਕੁੱਕਰ ਜਾਂ ਹੌਟਪਲੇਟ ਚਲਾਉਣ ਲਈ ਅੱਗ ਲਗਾ ਅਤੇ ਬਾਲ ਸਕਦਾ ਹਾਂ?



### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਹਵਾ ਦੀ ਗਤੀ 10 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਨਾ ਹੋਵੇ (ਇਹ ਉਸ ਸਮੇਂ ਦੇਖਿਆ ਜਾ ਸਕਦਾ ਹੈ ਜਦੋਂ ਪੱਤੇ ਅਤੇ ਛੋਟੀਆਂ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ)
- ਅੱਗ ਨੂੰ **ਸਹੀ ਢੰਗ ਨਾਲ ਬਣਾਏ ਗਏ ਚੁੱਲ੍ਹੇ** ਵਿੱਚ ਜਾਂ ਘੱਟੋ-ਘੱਟ 30 ਸੈਂਟੀਮੀਟਰ ਡੂੰਘੇ ਟੋਏ ਵਿੱਚ ਬਾਲਿਆ ਗਿਆ ਹੋਵੇ
- ਅੱਗ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਦੇ ਅੰਦਰ ਦਾ ਖੇਤਰ ਅਤੇ ਅੱਗ ਦਾ ਸਭ ਤੋਂ ਉੱਪਰਲਾ ਹਿੱਸਾ ਜਲਣਸ਼ੀਲ ਸਮੱਗਰੀ ਤੋਂ ਮੁਕਤ ਹੋਵੇ
- ਅੱਗ 1 ਵਰਗ ਮੀਟਰ ਤੋਂ ਵੱਧ ਦੇ ਖੇਤਰ ਵਿੱਚ ਹੋਵੇ ਅਤੇ ਵਰਤੇ ਗਏ ਬਾਲਣ ਦਾ ਆਕਾਰ ਅਤੇ ਮਾਪ ਇਸ ਉਦੇਸ਼ ਲਈ ਘੱਟੋ-ਘੱਟ ਹੋਵੇ
- ਜਦੋਂ ਤੱਕ ਅੱਗ ਜਲ ਰਹੀ ਹੋਵੇ, ਇੱਕ ਵਿਅਕਤੀ ਹਮੇਸ਼ਾ ਉੱਥੇ ਮੌਜੂਦ ਹੋਵੇ ਜਿਸਦੇ ਕੋਲ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਹੋਣ।
- ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਗਿਆ ਹੋਵੇ, ਇਸ ਤੋਂ ਪਹਿਲਾਂ ਕਿ ਉਹ ਵਿਅਕਤੀ ਉੱਥੋਂ ਚਲਾ ਜਾਵੇ

ਜੇਕਰ ਤੁਸੀਂ ਇਹ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ, ਤਾਂ ਤੁਹਾਨੂੰ ਆਪਣੀ ਗਤੀਵਿਧੀ ਦੇ ਸਥਾਨ ਦੇ ਆਧਾਰ 'ਤੇ ਔਨਲਾਈਨ (firepermits.vic.gov.au) ਜਾਂ CFA ਜਾਂ FRV ਜ਼ਿਲ੍ਹਾ ਦਫ਼ਤਰ ਤੋਂ ਪਰਮਿਟ ਲੈਣ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ।

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ, ਜਦੋਂ ਤੱਕ ਕਿ ਤੁਹਾਡੇ ਕੋਲ CFA, DEECA ਜਾਂ FRV ਦੁਆਰਾ ਜਾਰੀ ਕੀਤਾ ਗਿਆ ਲਿਖਤੀ ਪਰਮਿਟ ਨਾ ਹੋਵੇ ਅਤੇ ਤੁਸੀਂ ਉਸ ਪਰਮਿਟ ਵਿੱਚ ਦਿੱਤੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਨਾ ਕਰ ਰਹੇ ਹੋਵੋ।**


ਇੱਕ ਕਮਿਊਨਿਟੀ ਸੰਸਥਾ, ਚੈਰੀਟੇਬਲ ਸੰਸਥਾ, ਜਾਂ ਫੰਡਰੇਜ਼ਿੰਗ ਜਾਂ ਇਸ ਵਰਗੀ ਕੋਈ ਹੋਰ ਸੰਸਥਾ (ਉਦਾਹਰਨ ਲਈ ਸਕੂਲ ਜਾਂ ਖੇਡ ਗਰੁੱਪ) ਹੋਰ ਲੋਕਾਂ ਲਈ ਖਾਣਾ ਤਿਆਰ ਕਰਨ ਦੇ ਉਦੇਸ਼ ਨਾਲ ਅੱਗ ਬਾਲਣ ਦੀ ਆਗਿਆ ਲੈਣ ਲਈ ਅਰਜ਼ੀ ਦੇ ਸਕਦੀ ਹੈ। ਇਹ ਪਰਮਿਟ ਗਤੀਵਿਧੀ ਦੇ ਸਥਾਨ ਦੇ ਅਧਾਰ 'ਤੇ CFA, DEECA ਜਾਂ FRV ਵੱਲੋਂ ਅਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਜਾਰੀ ਕੀਤੇ ਜਾਂਦੇ ਹਨ।

'ਮਿਊਂਸਪਲ ਫਾਇਰ ਪ੍ਰੀਵੈਂਸ਼ਨ ਅਫ਼ਸਰ' ਇਹ ਪਰਮਿਟ ਜਾਰੀ ਨਹੀਂ ਕਰ ਸਕਦੇ ਹਨ।

# ਕੀ ਮੈਂ ਕਰ ਸਕਦਾ ਹਾਂ ਜਾਂ ਨਹੀਂ ਕਰ ਸਕਦਾ?

**ਅੱਗ ਦੀ ਸੂਚਨਾ ਦੇਣ ਲਈ**
**000 ਡਾਇਲ ਕਰੋ**

## ਕੀ ਮੈਂ ਕੋਲਿਆਂ (ਹੀਟ ਬੀਡਜ਼) , ਲੱਕੜ ਜਾਂ ਹੋਰ ਠੋਸ ਬਾਲਣ ਨਾਲ ਚੱਲਣ ਵਾਲਾ ਸਪਿਟ-ਸਟਾਈਲ ਰੋਟੀਸੇਰੀ ਵਰਤ ਸਕਦਾ ਹਾਂ?



### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਹਵਾ ਦੀ ਗਤੀ 10 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਨਾ ਹੋਵੇ (ਇਹ ਉਸ ਸਮੇਂ ਦੇਖਿਆ ਜਾ ਸਕਦਾ ਹੈ ਜਦੋਂ ਪੱਤੇ ਅਤੇ ਛੋਟੀਆਂ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ)
- ਅੱਗ ਨੂੰ **ਸਹੀ ਢੰਗ ਨਾਲ ਬਣਾਏ ਗਏ ਚੁੱਲ੍ਹੇ** ਵਿੱਚ ਜਾਂ ਘੱਟੋ-ਘੱਟ 30 ਸੈਂਟੀਮੀਟਰ ਡੂੰਘੇ ਟੋਏ ਵਿੱਚ ਬਾਲਿਆ ਗਿਆ ਹੋਵੇ
- ਅੱਗ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਦੇ ਅੰਦਰ ਦਾ ਖੇਤਰ ਅਤੇ ਅੱਗ ਦਾ ਸਭ ਤੋਂ ਉੱਪਰਲਾ ਹਿੱਸਾ ਜਲਣਸ਼ੀਲ ਸਮੱਗਰੀ ਤੋਂ ਮੁਕਤ ਹੋਵੇ
- ਅੱਗ ਇੱਕ ਵਰਗ ਮੀਟਰ ਤੋਂ ਵੱਧ ਦੇ ਖੇਤਰ ਵਿੱਚ ਨਾ ਹੋਵੇ ਅਤੇ ਵਰਤੇ ਗਏ ਠੋਸ ਬਾਲਣ ਦਾ ਆਕਾਰ ਅਤੇ ਮਾਪ ਇਸ ਉਦੇਸ਼ ਲਈ ਘੱਟੋ-ਘੱਟ ਹੋਵੇ
- ਜਦੋਂ ਤਕ ਅੱਗ ਜਲ ਰਹੀ ਹੁੰਦੀ ਹੈ, ਉਸ ਸਮੇਂ ਹਮੇਸ਼ਾ ਇੱਕ ਵਿਅਕਤੀ ਉੱਥੇ ਮੌਜੂਦ ਹੋਵੇ ਅਤੇ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਰੱਖਦਾ ਹੋਵੇ
- ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਗਿਆ ਹੋਵੇ ਇਸ ਤੋਂ ਪਹਿਲਾਂ ਕਿ ਉਹ ਵਿਅਕਤੀ ਉਥੋਂ ਚਲਾ ਜਾਵੇ

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ**

**'ਟੋਟਲ ਫਾਇਰ ਬੈਨ' ਵਾਲੇ ਦਿਨਾਂ 'ਤੇ ਖੁੱਲ੍ਹੀ ਹਵਾ ਵਿੱਚ ਕੋਲਿਆਂ, ਲੱਕੜ ਜਾਂ ਹੋਰ ਠੋਸ ਸਮੱਗਰੀ ਨਾਲ ਚੱਲਣ ਵਾਲੀਆਂ ਸਾਲਿਡ ਫਿਊਲ ਬਾਰਬਿਕਯੂ ਅਤੇ ਸਪਿਟ-ਸਟਾਈਲ ਰੋਟੀਸਰੀਆਂ 'ਤੇ ਪਾਬੰਦੀ ਹੈ।**

ਧਿਆਨ ਦਿਓ ਕਿ CFA ਐਕਟ 1958 ਵਿੱਚ ਦਿੱਤੀ ਪਰਿਭਾਸ਼ਾ ਅਨੁਸਾਰ, ਇੱਕ ਸਹੀ ਢੰਗ ਨਾਲ ਬਣਿਆ ਚੁੱਲ੍ਹਾ ਉਹ ਹੁੰਦਾ ਹੈ ਜੋ ਪੱਥਰ, ਧਾਤੂ, ਕੰਕਰੀਟ ਜਾਂ ਕਿਸੇ ਹੋਰ ਗ਼ੈਰ-ਜਲਣਸ਼ੀਲ ਸਮੱਗਰੀ ਨਾਲ ਬਣਿਆ ਹੋਵੇ ਜੋ ਅੱਗ ਦੇ ਘੇਰੇ ਨੂੰ ਪੂਰੀ ਤਰ੍ਹਾਂ ਘੇਰੇ। ਵਪਾਰਕ ਤੌਰ 'ਤੇ ਤਿਆਰ ਕੀਤੇ ਗਏ ਬਾਰਬਿਕਯੂ ਨੂੰ ਇੱਕ ਸਹੀ ਢੰਗ ਨਾਲ ਬਣੇ ਚੁੱਲ੍ਹੇ (ਫਾਇਰਪਲੇਸ) ਵਜੋਂ ਮੰਨਿਆ ਜਾਂਦਾ ਹੈ।

## ਕੀ ਮੈਂ ਗੈਸ ਨਾਲ ਚੱਲਣ ਵਾਲੀ ਜੰਗਲੀ ਜਾਨਵਰਾਂ ਨੂੰ ਡਰਾਉਣ ਵਾਲੀ ਬੰਦੂਕ ਵਰਤ ਸਕਦਾ ਹਾਂ?



### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਤੁਹਾਡੇ ਕੋਲ CFA ਜਾਂ FRV ਵੱਲੋਂ ਜਾਰੀ ਕੀਤਾ ਗਿਆ 'ਫਾਇਰ ਡੇਂਜਰ ਪੀਰੀਅਡ ਪਰਮਿਟ' ਹੋਵੇ ਹੈ, ਜੋ ਕਿ ਗਤੀਵਿਧੀ ਦੇ ਸਥਾਨ 'ਤੇ ਨਿਰਭਰ ਕਰਦਾ ਹੋਵੇ; ਅਤੇ ਤੁਸੀਂ ਉਸ ਪਰਮਿਟ ਵਿੱਚ ਦਿੱਤੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋਵੋ।

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ**

'ਟੋਟਲ ਫਾਇਰ ਬੈਨ' ਵਾਲੇ ਦਿਨਾਂ 'ਤੇ ਗੈਸ ਨਾਲ ਚੱਲਣ ਵਾਲੀਆਂ ਡਰਾਉਣ ਵਾਲੀਆਂ ਬੰਦੂਕਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਹੈ।

## ਕੀ ਮੈਂ ਘਾਹ, ਪਰਾਲੀ, ਨਦੀਨਾਂ, ਝਾੜੀਆਂ, ਜੰਗਲੀ ਘਾਹ ਜਾਂ ਹੋਰ ਬਨਸਪਤੀ ਨੂੰ ਸਾੜਨ ਲਈ ਖੁੱਲ੍ਹੀ ਹਵਾ ਵਿੱਚ ਅੱਗ ਲਗਾ ਸਕਦਾ ਹਾਂ?



### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਤੁਹਾਡੇ ਕੋਲ CFA, FRV ਜਾਂ ਮਿਊਂਸੀਪਲ ਫਾਇਰ ਪ੍ਰੀਵੈਂਸ਼ਨ ਅਫ਼ਸਰ ਵੱਲੋਂ ਜਾਰੀ ਕੀਤਾ ਗਿਆ 'ਫਾਇਰ ਡੇਂਜਰ ਪੀਰੀਅਡ ਪਰਮਿਟ' ਹੋਵੇ, ਜੋ ਕਿ ਗਤੀਵਿਧੀ ਦੇ ਸਥਾਨ 'ਤੇ ਨਿਰਭਰ ਕਰਦਾ ਹੋਵੇ;
- ਤੁਹਾਡੇ ਕੋਲ ਲਿਖਤੀ ਪਰਮਿਟ ਹੋਵੇ ਜੋ ਕਿ ਕਿਸੇ ਸਰਕਾਰੀ ਅਥਾਰਟੀ ਦੇ 'ਫਾਇਰ ਪ੍ਰੀਵੈਂਸ਼ਨ ਅਫ਼ਸਰ' ਵੱਲੋਂ ਜਾਰੀ ਕੀਤਾ ਗਿਆ ਹੋਵੇ, ਜੇਕਰ ਤੁਸੀਂ ਉਸ ਅਥਾਰਟੀ ਦੇ ਅਧਿਕਾਰ ਖੇਤਰ ਅੰਦਰ ਜ਼ਮੀਨ ‘ਤੇ ਅੱਗ ਬਾਲਣ ਦੀ ਯੋਜਨਾ ਬਣਾ ਰਹੇ ਹੋ
- ਤੁਸੀਂ ਉਸ ਪਰਮਿਟ ਵਿੱਚ ਦਿੱਤੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋਵੋ
- ਜਦੋਂ ਤੱਕ ਅੱਗ ਜਲ ਰਹੀ ਹੋਵੇ, ਇੱਕ ਵਿਅਕਤੀ ਹਮੇਸ਼ਾ ਉੱਥੇ ਮੌਜੂਦ ਹੋਵੇ ਜਿਸਦੇ ਕੋਲ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਹੋਣ।
- ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਗਿਆ ਹੋਵੇ, ਇਸ ਤੋਂ ਪਹਿਲਾਂ ਕਿ ਉਹ ਵਿਅਕਤੀ ਉਥੋਂ ਚਲਾ ਜਾਵੇ

ਬਹੁਤ ਸਾਰੀਆਂ ਕੌਂਸਲਾਂ ਦੇ ਸਥਾਨਕ ਕਾਨੂੰਨ ਹਨ ਜੋ ਕੁੱਝ ਖ਼ਾਸ ਦਿਨਾਂ 'ਤੇ ਜਾਂ ਕੁੱਝ ਖ਼ਾਸ ਥਾਵਾਂ 'ਤੇ ਜਾਂ ਆਪਣੀਆਂ ਨਗਰਪਾਲਿਕਾਵਾਂ ਦੇ ਅੰਦਰ ਕੁੱਝ ਖ਼ਾਸ ਸਮੇਂ 'ਤੇ ਅੱਗ ਲਗਾਉਣ 'ਤੇ ਪਾਬੰਦੀ ਲਗਾਉਂਦੇ ਹਨ। 'ਮਿਊਂਸੀਪਲ ਫਾਇਰ ਪ੍ਰੀਵੈਂਸ਼ਨ ਅਫਸਰ' ਨਾਲ ਸੰਪਰਕ ਕਰੋ।

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ**

'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ ਘਾਹ, ਝਾੜੀਆਂ, ਪਰਾਲੀ ਜਾਂ ਕੂੜੇ ਨੂੰ ਸਾੜਨ ਲਈ ਖੁੱਲ੍ਹੀ ਹਵਾ ਵਿੱਚ ਅੱਗ ਲਗਾਉਣ 'ਤੇ ਪਾਬੰਦੀ ਹੁੰਦੀ ਹੈ।

CFA, FRV, ਮਿਊਂਸਪਲ ਫਾਇਰ ਪ੍ਰੀਵੈਂਸ਼ਨ ਅਫ਼ਸਰ ਜਾਂ ਕਿਸੇ ਸਰਕਾਰੀ ਅਥਾਰਟੀ ਦੇ ਫਾਇਰ ਪ੍ਰੀਵੈਂਸ਼ਨ ਅਫ਼ਸਰ ਦੁਆਰਾ ਜਾਰੀ ਕੀਤੇ ਗਏ ਸਾਰੇ 'ਫਾਇਰ ਡੇਂਜਰ ਪੀਰੀਅਡ ਪਰਮਿਟ' ਕਿਸੇ ਵੀ 'ਟੋਟਲ ਫਾਇਰ ਬੈਨ' ਵਾਲੇ ਦਿਨ ਦੀ ਮਿਆਦ ਲਈ ਮੁਅੱਤਲ ਰਹਿੰਦੇ ਹਨ।

ਜੋ ਵੀ ਮੌਜੂਦਾ ਅੱਗਾਂ ਹਨ, ਚਾਹੇ ਉਹ ਕਿਸੇ ਛੋਟ ਜਾਂ ਫਾਇਰ ਡੇਂਜਰ ਪੀਰੀਅਡ ਪਰਮਿਟ ਅਧੀਨ ਆਗਿਆ ਦਿੱਤੀਆਂ ਗਈਆਂ ਹੋਣ, ਉਨ੍ਹਾਂ ਨੂੰ 'ਟੋਟਲ ਫਾਇਰ ਬੈਨ' ਸ਼ੁਰੂ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਬੁਝਾਇਆ ਜਾਣਾ ਲਾਜ਼ਮੀ ਹੈ।

## ਕੀ ਮੈਂ ਉਨ੍ਹਾਂ ਥਾਵਾਂ 'ਤੇ ਵਾਹਨ ਚਲਾ ਸਕਦਾ ਹਾਂ, ਜਿੱਥੇ ਵਾਹਨ ਦਾ ਸੰਪਰਕ ਫਸਲਾਂ, ਘਾਹ, ਪਰਾਲੀ, ਨਦੀਨਾਂ, ਝਾੜੀਆਂ ਜਾਂ ਹੋਰ ਬਨਸਪਤੀ ਦੇ ਨਾਲ ਹੋਵੇਗਾ?

### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਵਾਹਨ ਵਿੱਚ ਇੱਕ ਕੁਸ਼ਲ ਸਾਈਲੈਂਸਿੰਗ ਡਿਵਾਈਸ (ਜਿਵੇਂ ਕਿ ਮਫਲਰ) ਲੱਗਾ ਹੋਵੇ, ਜੋ ਇੰਜਣ ਦੇ ਸਾਰੇ ਧੂੰਏਂ ਨੂੰ ਉਸ ਸਾਇਲੈਂਸਿੰਗ ਡਿਵਾਈਸ ਰਾਹੀਂ ਬਾਹਰ ਕੱਢਦਾ ਹੋਵੇ।

ਤੁਹਾਨੂੰ ਗਰਮ ਅਤੇ ਸੁੱਕੇ ਮੌਸਮ ਵਿੱਚ ਸੁੱਕੀ ਬਨਸਪਤੀ ਵਿੱਚੋਂ ਵਾਹਨ ਚਲਾਉਣ ਤੋਂ ਬਚਣਾ ਚਾਹੀਦਾ ਹੈ, ਭਾਵੇਂ ਉਹ 'ਟੋਟਲ ਫਾਇਰ ਬੈਨ' ਵਾਲਾ ਦਿਨ ਹੋਵੇ, ਕਿਉਂਕਿ ਧੂੰਆਂ ਨਿੱਕਲਣ ਵਾਲੇ ਗਰਮ ਐਗਜ਼ਹੌਸਟ ਸਿਸਟਮ ਨਾਲ ਅੱਗ ਲੱਗਣ ਦਾ ਖ਼ਤਰਾ ਹੁੰਦਾ ਹੈ।

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਵਾਹਨ ਵਿੱਚ ਇੱਕ ਕੁਸ਼ਲ ਸਾਈਲੈਂਸਿੰਗ ਡਿਵਾਈਸ (ਜਿਵੇਂ ਕਿ ਮਫਲਰ) ਲੱਗਾ ਹੋਵੇ, ਜੋ ਇੰਜਣ ਦੇ ਸਾਰੇ ਧੂੰਏਂ ਨੂੰ ਉਸ ਸਾਇਲੈਂਸਿੰਗ ਡਿਵਾਈਸ ਰਾਹੀਂ ਬਾਹਰ ਕੱਢਦਾ ਹੋਵੇ।


ਜਿੱਥੇ ਵੀ ਸੰਭਵ ਹੋਵੇ ਇਸ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਅੱਗ ਲੱਗਣ ਦਾ ਖ਼ਤਰਾ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਅਜਿਹੇ ਦਿਨਾਂ ‘ਤੇ ਅੱਗ ਦੇ ਪ੍ਰਭਾਵ ਕਾਫ਼ੀ ਵੱਧ ਗੰਭੀਰ ਹੋ ਸਕਦੇ ਹਨ।

# ਕੀ ਮੈਂ ਕਰ ਸਕਦਾ ਹਾਂ ਜਾਂ ਨਹੀਂ ਕਰ ਸਕਦਾ?

**ਅੱਗ ਦੀ ਸੂਚਨਾ ਦੇਣ ਲਈ**
**000 ਡਾਇਲ ਕਰੋ**

## ਕੀ ਮੈਂ ਇੰਜਣ ਵਾਲੀ ਆਰੀ (ਚੇਨਸੌਅ), ਮਸ਼ੀਨਰੀ ਜਾਂ ਘਾਹ ਕੱਟਣ ਵਾਲੀ ਮਸ਼ੀਨ ਜਾਂ ਲੌਅਨ ਮੋਵਰ ਦੀ ਵਰਤੋਂ ਕਰ ਸਕਦਾ ਹਾਂ?





### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਇੰਜਣ ਵਾਲੀ ਆਰੀ (ਚੇਨਸੌਅ), ਮਸ਼ੀਨਰੀ ਜਾਂ ਘਾਹ ਕੱਟਣ ਵਾਲੀ ਮਸ਼ੀਨ ਜਾਂ ਲੌਅਨ ਮੋਵਰ ਹੇਠਾਂ ਦਿੱਤੀਆਂ ਸ਼ਰਤਾਂ 'ਤੇ ਪੂਰਾ ਉਤਰਦਾ ਹੋਵੇ, ਜਦੋਂ ਉਹ ਅਜਿਹੀ ਬਨਸਪਤੀ ਵਿੱਚ ਵਰਤਿਆ ਜਾਂਦਾ ਹੈ ਜੋ ਹਰੀ ਨਹੀਂ ਹੈ (ਭਾਵ ਸੁੱਕੀ ਬਨਸਪਤੀ ਹੈ):
  - ਇਹ ਕਿਸੇ ਵੀ ਅਜਿਹੇ ਨੁਕਸਾਂ ਜਾਂ ਮਕੈਨੀਕਲ ਖ਼ਰਾਬੀਆਂ ਤੋਂ ਮੁਕਤ ਹੋਵੇ, ਜੋ ਅੱਗ ਲੱਗਣ ਦਾ ਕਾਰਣ ਬਣ ਸਕਦੀ ਹੋਵੇ
  - ਇਸ ਵਿੱਚ ਕੁਸ਼ਲ ਸਪਾਰਕ ਅਰੈਸਟਰ ਲੱਗਾ ਹੋਇਆ ਹੋਵੇ
  - ਮਸ਼ੀਨ ਦੇ ਆਲੇ-ਦੁਆਲੇ ਘੱਟੋ-ਘੱਟ 3 ਮੀਟਰ ਤੱਕ ਦਾ ਖੇਤਰ ਜਲਣਸ਼ੀਲ ਸਮੱਗਰੀ ਤੋਂ ਮੁਕਤ ਹੋਵੇ।

ਇਸ ਤੋਂ ਇਲਾਵਾ, ਮਸ਼ੀਨ ਦੀ ਵਰਤੋਂ ਦੇ ਸਮੇਂ ਹਰ ਸਮੇਂ ਇੱਕ ਵਿਅਕਤੀ ਉੱਥੇ ਮੌਜੂਦ ਹੋਣਾ ਚਾਹੀਦਾ ਹੈ, ਉਸ ਕੋਲ ਹੇਠ ਲਿਖਿਆ ਵਿੱਚੋਂ ਘੱਟੋ-ਘੱਟ ਇੱਕ ਅੱਗ ਬੁਝਾਉਣ ਵਾਲਾ ਉਪਕਰਣ ਹੋਣਾ ਲਾਜ਼ਮੀ ਹੈ:

- ਇੱਕ ਨੈਪਸੈਕ ਸਪ੍ਰੇਅ ਪੰਪ, ਜੋ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੋਵੇ, ਪਾਣੀ ਨਾਲ ਭਰਿਆ ਹੋਵੇ, ਅਤੇ ਘੱਟੋ-ਘੱਟ 9 ਲੀਟਰ ਸਮਰੱਥਾ ਵਾਲਾ ਹੋਵੇ; ਜਾਂ
- ਇੱਕ ਪਾਣੀ ਵਾਲਾ (ਸਟੋਰਡ ਪ੍ਰੈਸ਼ਰ ਵਾਲਾ) ਅੱਗ ਬੁਝਾਉਣ ਵਾਲਾ ਯੰਤਰ, ਜੋ ਕੰਮ ਕਰਦਾ ਹੋਵੇ, ਪੂਰੀ ਤਰ੍ਹਾਂ ਪਾਣੀ ਨਾਲ ਭਰਿਆ ਹੋਵੇ, ਸਹੀ ਪ੍ਰੈਸ਼ਰ 'ਤੇ ਰੱਖਿਆ ਗਿਆ ਹੋਵੇ ਅਤੇ ਘੱਟੋ-ਘੱਟ 9 ਲੀਟਰ ਦੀ ਸਮਰੱਥਾ ਵਾਲਾ ਹੋਵੇ।

ਹਰੇ-ਭਰੇ ਪੌਦਿਆਂ ਵਿੱਚ ਕੀਤੇ ਜਾਣ ਵਾਲੇ ਕੰਮ ਦੀ ਆਗਿਆ ਹੈ, ਪਰ CFA ਇਹ ਸਲਾਹ ਦਿੰਦੀ ਹੈ ਕਿ ਉੱਪਰ ਦੱਸੇ ਅਨੁਸਾਰ ਉਪਕਰਣਾਂ ਦੀ ਬਾਕਾਇਦਾ ਦੇਖਰੇਖ ਕੀਤੀ ਜਾਵੇ ਅਤੇ ਅੱਗ ਬੁਝਾਉਣ ਵਾਲੇ ਯੰਤਰ ਨਾਲ ਤਿਆਰ ਰਿਹਾ ਜਾਵੇ।

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

ਇਹ ਕੰਮ 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ ਜਿੱਥੇ ਵੀ ਸੰਭਵ ਹੋਵੇ ਟਾਲਣਾ ਚਾਹੀਦਾ ਹੈ, ਕਿਉਂਕਿ ਅੱਗ ਲੱਗਣ ਦਾ ਖ਼ਤਰਾ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਅਜਿਹੇ ਦਿਨਾਂ 'ਤੇ ਅੱਗ ਦੇ ਪ੍ਰਭਾਵ ਬਹੁਤ ਜ਼ਿਆਦਾ ਗੰਭੀਰ ਹੋ ਸਕਦੇ ਹਨ।

ਜੇਕਰ ਇਹ ਕੰਮ ਬਹੁਤ ਜ਼ਰੂਰੀ ਹੋਵੇ, ਤਾਂ 'ਫਾਇਰ ਡੇਂਜਰ ਪੀਰੀਅਡ' ਦੇ ਨਾਲ ਲੱਗਦੀ ਕਤਾਰ ਵਿੱਚ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

ਧਿਆਨ ਦਿਓ ਕਿ ਉੱਪਰ ਦੱਸੇ ਗਏ ਸਪਾਰਕ ਅਰੈਸਟਰ, ਨੈਪਸੈਕ ਸਪਰੇਅ ਪੰਪ ਅਤੇ ਪਾਣੀ ਵਾਲੇ ਅੱਗ ਬੁਝਾਊ ਯੰਤਰ ਲਾਗੂ ਆਸਟ੍ਰੇਲੀਆਈ ਮਿਆਰਾਂ ਮੁਤਾਬਿਕ ਹੋਣੇ ਲਾਜ਼ਮੀ ਹਨ।

## ਕੀ ਮੈਂ ਇਹ ਕਰ ਸਕਦਾ ਹਾਂ:

- ਵੈਲਡਿੰਗ, ਗੈਸ ਕਟਿੰਗ, ਸੋਲਡਰਿੰਗ, ਗ੍ਰਾਈਂਡਿੰਗ, ਚਾਰਿੰਗ ਕਰਨਾ ਜਾਂ ਬਿਜਲੀ ਨਾਲ ਚੱਲਣ ਵਾਲੀਆਂ ਘਿਸਣਯੋਗ ਕੱਟਣ ਵਾਲੀਆਂ ਡਿਸਕਾਂ ਦੀ ਵਰਤੋਂ?
- ਰੇਲ ਦੀ ਮੁਰੰਮਤ?
- ਲੁੱਕ (ਬਿਟੂਮੇਨ) ਨੂੰ ਗਰਮ ਕਰਨਾ?
- ਮਧੂਮੱਖੀਆਂ ਵਾਲੇ ਧੂੰਏ ਦੀ ਵਰਤੋਂ ਕਰਕੇ ਮਧੂ-ਮੱਖੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਤਬਦੀਲ ਕਰਨਾ?
- ਗਰਮੀ ਜਾਂ ਲਾਟ ਦੀ ਵਰਤੋਂ ਕਰਕੇ ਸ਼ਹਿਦ ਕੱਢਣਾ?



### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

- ਅੱਗ ਰੋਧਕ ਸਮੱਗਰੀ ਦੀ ਇੱਕ ਢਾਲ ਜਾਂ ਵਾੜ ਇਸ ਤਰੀਕੇ ਨਾਲ ਲਗਾਈ ਜਾਂ ਖੜ੍ਹੀ ਕੀਤੀ ਗਈ ਹੋਵੇ ਕਿ ਚੰਗਿਆੜੀਆਂ, ਗਰਮ ਧਾਤੂ ਦੇ ਕਣ ਜਾਂ ਖਿੰਘਰ ਬਾਹਰ ਨਾ ਜਾ ਸਕਣ; ਅਤੇ
- ਇਸ ਗਤੀਵਿਧੀ ਵਾਲੇ ਖੇਤਰ ਤੋਂ ਘੱਟੋ-ਘੱਟ 1.5 ਮੀਟਰ ਦੇ ਘੇਰੇ ਵਿੱਚ ਸਾਰੀ ਜਲਣਸ਼ੀਲ ਸਮੱਗਰੀ ਹਟਾਈ ਗਈ ਹੋਵੇ ਜਾਂ ਪਾਣੀ ਨਾਲ ਕਾਫ਼ੀ ਗਿੱਲੀ ਕੀਤੀ ਗਈ ਹੋਵੇ, ਤਾਂ ਜੋ ਅੱਗ ਫ਼ੈਲਣ ਤੋਂ ਰੋਕੀ ਜਾ ਸਕੇ; ਅਤੇ
- ਅੱਗ ਲੱਗਣ ਦੀ ਸਥਿਤੀ ਵਿੱਚ ਤੁਰੰਤ ਵਰਤੋਂ ਲਈ ਇੱਕ ਜਾਲੀਦਾਰ ਪਾਣੀ ਦੀ ਸਪਲਾਈ ਜਾਂ ਘੱਟੋ-ਘੱਟ 9 ਲੀਟਰ ਦੀ ਸਮਰੱਥਾ ਵਾਲਾ ਪਾਣੀ ਨਾਲ ਭਰਿਆ ਹੋਇਆ ਨੈਪਸੈਕ ਸਪ੍ਰੇਅ ਪੰਪ ਮੌਜੂਦ ਹੋਵੇ; ਅਤੇ
- ਇਸ ਕੰਮ ਨੂੰ ਕਰਦੇ ਹੋਏ ਬਣੇ ਟੁਕੜਿਆਂ ਅਤੇ ਇਲੈਕਟ੍ਰੋਡ ਸਟੱਬ ਨੂੰ ਸਿੱਧੇ ਹੀ ਅੱਗ-ਰੋਧਕ ਭਾਂਡੇ ਵਿੱਚ ਰੱਖਿਆ ਗਿਆ ਹੋਵੇ;
- ਜਦੋਂ ਤੱਕ ਅੱਗ ਜਲ ਰਹੀ ਹੋਵੇ, ਇੱਕ ਵਿਅਕਤੀ ਹਮੇਸ਼ਾ ਉੱਥੇ ਮੌਜੂਦ ਹੋਵੇ ਜਿਸਦੇ ਕੋਲ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਹੋਣ।
- ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਗਿਆ ਹੋਵੇ, ਇਸ ਤੋਂ ਪਹਿਲਾਂ ਕਿ ਉਹ ਵਿਅਕਤੀ ਉੱਥੋਂ ਚਲਾ ਜਾਵੇ

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ**

**ਇਨ੍ਹਾਂ ਸਾਰੀਆਂ ਗਤੀਵਿਧੀਆਂ 'ਤੇ 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ ਪਾਬੰਦੀ ਹੈ।**

ਕੁੱਝ ਕੁ ਸੀਮਤ ਹਾਲਤਾਂ ਵਿੱਚ, CFA, DEECA ਜਾਂ FRV 'ਟੋਟਲ ਫਾਇਰ ਬੈਨ' ਵਾਲੇ ਦਿਨਾਂ 'ਤੇ ਪਰਮਿਟ ਜਾਰੀ ਕਰ ਸਕਦੇ ਹਨ।

ਇਹ ਪਰਮਿਟ CFA, DEECA ਜਾਂ FRV ਵੱਲੋਂ ਗਤੀਵਿਧੀ ਦੇ ਸਥਾਨ ਦੇ ਆਧਾਰ 'ਤੇ ਜਾਰੀ ਕੀਤੇ ਜਾਂਦੇ ਹਨ। ਇਹ ਮਿਊਂਸਪਲ ਫਾਇਰ ਪ੍ਰੀਵੈਂਸ਼ਨ ਅਫ਼ਸਰਾਂ ਵੱਲੋਂ ਜਾਰੀ ਨਹੀਂ ਕੀਤੇ ਜਾ ਸਕਦੇ ਹਨ।

ਪਰਮਿਟ ਲਈ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਵੇਰਵਿਆਂ ਲਈ ਪਿਛਲਾ ਪੰਨਾ ਵੇਖੋ।

# ਕੀ ਮੈਂ ਕਰ ਸਕਦਾ ਹਾਂ ਜਾਂ ਨਹੀਂ ਕਰ ਸਕਦਾ?

**ਅੱਗ ਦੀ ਸੂਚਨਾ ਦੇਣ ਲਈ**
**000 ਡਾਇਲ ਕਰੋ**

## ਕੀ ਮੈਂ ਭੱਠੀ (ਇੰਸੀਨੇਰੇਟਰ)ਦੀ ਵਰਤੋਂ ਕਰ ਸਕਦਾ ਹਾਂ?

### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਅਜਿਹਾ ਨਾ ਹੋਵੇ:**

1. ਤੁਸੀਂ ਕੌਂਸਲ ਨਾਲ ਇਹ ਜਾਂਚ ਕਰ ਲਵੋ ਕਿ ਕੋਈ ਸਥਾਨਕ ਕਾਨੂੰਨ ਤਾਂ ਨਹੀਂ ਲਾਗੂ ਹਨ ਜੋ ਭੱਠੀ (ਇੰਸੀਨੇਰੇਟਰ) ਦੀ ਵਰਤੋਂ ਲਈ ਸ਼ਰਤਾਂ ਲਗਾਉਂਦੇ ਹੋਣ ਜਾਂ ਇਸਦੀ ਵਰਤੋਂ ‘ਤੇ ਰੋਕ ਜਾਂ ਪਾਬੰਦੀ ਲਗਾਉਂਦੇ ਹੋਣ (ਜਿਵੇਂ ਕਿ ਕੁੱਝ ਖ਼ਾਸ ਦਿਨਾਂ 'ਤੇ, ਕੁੱਝ ਖ਼ਾਸ ਖੇਤਰਾਂ ਵਿੱਚ ਜਾਂ ਕੁੱਝ ਖ਼ਾਸ ਸਮੇਂ ਦੌਰਾਨ ਪਾਬੰਦੀਆਂ)
2. ਅਤੇ ਹੇਠਾਂ ਦਿੱਤੀਆਂ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹੋਣ:
   - ਅੱਗ ਨੂੰ ਇੰਸੀਨੇਰੇਟਰ ਦੇ ਅੰਦਰ ਪ੍ਰਭਾਵਸ਼ਾਲੀ ਤਰੀਕੇ ਨਾਲ ਕਾਬੂ ਕੀਤਾ ਗਿਆ ਹੋਵੇ, ਜਿਸਦਾ ਅਰਥ ਹੈ ਕਿ ਚੰਗਿਆੜੀਆਂ, ਅੰਗਿਆਰੇ ਜਾਂ ਕੋਲੇ ਇੰਸੀਨੇਰੇਟਰ ਦੇ ਉੱਪਰ, ਪਾਸੇ ਜਾਂ ਹੇਠਾਂ ਤੋਂ ਬਾਹਰ ਨਾ ਨਿਕਲ ਸਕਣ।
   - ਹਵਾ ਦੀ ਗਤੀ 10 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਨਾ ਹੋਵੇ (ਇਹ ਉਸ ਸਮੇਂ ਦੇਖਿਆ ਜਾ ਸਕਦਾ ਹੈ ਜਦੋਂ ਪੱਤੇ ਅਤੇ ਛੋਟੀਆਂ ਟਾਹਣੀਆਂ ਲਗਾਤਾਰ ਹਿੱਲ ਰਹੀਆਂ ਹੋਣ)
   - ਇੰਸੀਨੇਰੇਟਰ ਦੇ ਬਾਹਰੀ ਘੇਰੇ ਤੋਂ 3 ਮੀਟਰ ਤੱਕ ਦਾ ਜ਼ਮੀਨੀ ਅਤੇ ਹਵਾਈ ਖੇਤਰ ਜਲਣਸ਼ੀਲ ਸਮੱਗਰੀ ਤੋਂ ਮੁਕਤ ਹੋਵੇ
   - ਅੱਗ ਬੁਝਾਉਣ ਲਈ ਲੋੜੀਂਦੀ ਪਾਣੀ ਦੀ ਸਪਲਾਈ ਹਮੇਸ਼ਾ ਉਪਲਬਧ ਹੋਵੇ ਜਦੋਂ ਅੱਗ ਜਲ ਰਹੀ ਹੋਵੇ
   - ਜਦੋਂ ਤੱਕ ਅੱਗ ਜਲ ਰਹੀ ਹੋਵੇ, ਇੱਕ ਵਿਅਕਤੀ ਹਮੇਸ਼ਾ ਉੱਥੇ ਮੌਜੂਦ ਹੋਵੇ ਜਿਸਦੇ ਕੋਲ ਅੱਗ ਬੁਝਾਉਣ ਦੀ ਸਮਰੱਥਾ ਅਤੇ ਸਾਧਨ ਹੋਣ।
   - ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਗਿਆ ਹੋਵੇ, ਇਸ ਤੋਂ ਪਹਿਲਾਂ ਕਿ ਉਹ ਵਿਅਕਤੀ ਉਥੋਂ ਚਲਾ ਜਾਵੇ

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

**ਨਹੀਂ**

ਇੰਸੀਨੇਰੇਟਰ ਦੀ ਵਰਤੋਂ 'ਤੇ 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ ਪਾਬੰਦੀ ਲਾਗੂ ਹੈ।

ਧਿਆਨ ਦਿਓ ਕਿ CFA ਐਕਟ 1958 ਅਨੁਸਾਰ, ਇੰਸੀਨੇਰੇਟਰ ਨੂੰ ਇੱਕ ਅਜਿਹੇ ਢਾਂਚੇ ਜਾਂ ਯੰਤਰ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਅਣਚਾਹੀ ਸਮੱਗਰੀ ਨੂੰ ਸਾੜ ਕੇ ਨਸ਼ਟ ਕਰਨ ਜਾਂ ਨਿਪਟਾਰੇ ਲਈ ਵਰਤਿਆ ਜਾਂਦਾ ਹੈ, ਜਾਂ ਵਰਤਿਆ ਜਾ ਸਕਦਾ ਹੈ ਅਤੇ ਇਹ:
- ਗ਼ੈਰ-ਜਲਣਸ਼ੀਲ ਸਮੱਗਰੀ ਤੋਂ ਬਣਿਆ ਹੋਵੇ; ਅਤੇ
- ਚੰਗਿਆੜੀਆਂ, ਅੰਗਿਆਰਾਂ ਜਾਂ ਹੋਰ ਜਲਣਸ਼ੀਲ ਸਮੱਗਰੀ ਦੇ ਨਿਕਾਸ ਨੂੰ ਰੋਕਣ ਲਈ ਗ਼ੈਰ-ਜਲਣਸ਼ੀਲ ਪਦਾਰਥ ਦੀ ਢਾਲ ਜਾਂ ਗਾਰਡ ਨਾਲ ਫਿੱਟ ਕੀਤਾ ਗਿਆ ਹੋਵੇ।

## ਕੀ ਮੈਂ ਆਪਣੇ ਆਪ ਚੱਲਣ ਵਾਲੀ ਖੇਤੀਬਾੜੀ ਮਸ਼ੀਨਰੀ, ਟ੍ਰੈਕਟਰ, ਸਲੈਸ਼ਰ, ਮਿੱਟੀ ਨੂੰ ਹਿਲਾਉਣ ਵਾਲੀ, ਖੁਦਾਈ ਕਰਨ ਵਾਲੀ ਜਾਂ ਸੜਕ ਬਣਾਉਣ ਵਾਲੀ ਮਸ਼ੀਨਰੀ, ਜੋ ਹੀਟ ਇੰਜਣ ਨਾਲ ਚੱਲਦੀ ਹੋਵੇ, ਨੂੰ ਕਿਸੇ ਵੀ ਫ਼ਸਲ, ਘਾਹ, ਪਰਾਲੀ, ਨਦੀਨਾਂ, ਝਾੜੀਆਂ ਜਾਂ ਹੋਰ ਬਨਸਪਤੀ ਤੋਂ 9 ਮੀਟਰ ਦੀ ਦੂਰੀ 'ਤੇ ਵਰਤ ਸਕਦਾ ਹਾਂ?

### 'ਫਾਇਰ ਡੇਂਜਰ ਪੀਰੀਅਡ' ਦੌਰਾਨ

**ਨਹੀਂ, ਜਦੋਂ ਤੱਕ ਕਿ ਉਹ ਮਸ਼ੀਨਰੀ:**

- ਕਿਸੇ ਵੀ ਅਜਿਹੇ ਨੁਕਸ ਜਾਂ ਮਕੈਨੀਕਲ ਖ਼ਰਾਬੀ ਤੋਂ ਮੁਕਤ ਹੋਵੇ, ਜੋ ਅੱਗ ਲੱਗਣ ਦਾ ਕਾਰਣ ਬਣ ਸਕਦੀ ਹੋਵੇ
- ਵਿੱਚ ਸਹੀ ਤਰ੍ਹਾਂ ਕੰਮ ਕਰਦਾ ਸਪਾਰਕ ਅਰੈਸਟਰ, ਟਰਬੋਚਾਰਜਰ ਜਾਂ ਐਗਜ਼ਹੌਸਟ ਐਸਪੀਰੇਟਿਡ ਏਅਰ ਕਲੀਨਰ ਲੱਗਿਆ ਹੋਵੇ
- ਵਿੱਚ ਹੇਠਾਂ ਦਿੱਤੇ ਵਿਚੋਂ ਘੱਟੋ-ਘੱਟ ਇੱਕ ਅੱਗ ਬੁਝਾਉਣ ਵਾਲਾ ਉਪਕਰਣ ਲੱਗਿਆ ਹੋਵੇ, ਜਿਸ ਵਿੱਚ ਸ਼ਾਮਲ ਹਨ:
  - ਘੱਟੋ-ਘੱਟ ਇੱਕ ਨੈਪਸੈਕ ਸਪ੍ਰੇਅ ਪੰਪ, ਜੋ ਕੰਮ ਕਰ ਰਿਹਾ ਹੋਵੇ, ਪੂਰੀ ਤਰ੍ਹਾਂ ਪਾਣੀ ਨਾਲ ਭਰਿਆ ਹੋਵੇ ਅਤੇ ਘੱਟੋ-ਘੱਟ 9 ਲੀਟਰ ਸਮਰੱਥਾ ਵਾਲਾ ਹੋਵੇ; ਜਾਂ
  - ਘੱਟੋ-ਘੱਟ ਇੱਕ ਪਾਣੀ ਵਾਲਾ (ਸਟੋਰਡ ਪ੍ਰੈਸ਼ਰ ਵਾਲਾ) ਅੱਗ ਬੁਝਾਉਣ ਵਾਲਾ ਯੰਤਰ, ਜੋ ਕੰਮ ਕਰਦਾ ਹੋਵੇ, ਪੂਰੀ ਤਰ੍ਹਾਂ ਪਾਣੀ ਨਾਲ ਭਰਿਆ ਹੋਵੇ, ਸਹੀ ਪ੍ਰੈਸ਼ਰ ‘ਤੇ ਰੱਖਿਆ ਗਿਆ ਹੋਵੇ ਅਤੇ ਘੱਟੋ-ਘੱਟ 9 ਲੀਟਰ ਦੀ ਸਮਰੱਥਾ ਵਾਲਾ ਹੋਵੇ।

### 'ਟੋਟਲ ਫਾਇਰ ਬੈਨ' ਵਾਲੇ ਦਿਨਾਂ ਦੌਰਾਨ

ਜਿੱਥੇ ਵੀ ਸੰਭਵ ਹੋਵੇ ਇਸ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਅੱਗ ਲੱਗਣ ਦਾ ਖ਼ਤਰਾ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਅਜਿਹੇ ਦਿਨਾਂ ‘ਤੇ ਅੱਗ ਦੇ ਪ੍ਰਭਾਵ ਕਾਫ਼ੀ ਵੱਧ ਗੰਭੀਰ ਹੋ ਸਕਦੇ ਹਨ।

ਜੇਕਰ ਇਹ ਕੰਮ ਬਹੁਤ ਜ਼ਰੂਰੀ ਹੋਵੇ, ਤਾਂ 'ਫਾਇਰ ਡੇਂਜਰ ਪੀਰੀਅਡ' ਦੇ ਨਾਲ ਲੱਗਦੀ ਕਤਾਰ ਵਿੱਚ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

ਧਿਆਨ ਦਿਓ ਕਿ ਉੱਪਰ ਦੱਸੇ ਗਏ ਸਪਾਰਕ ਅਰੈਸਟਰ, ਨੈਪਸੈਕ ਸਪਰੇਅ ਪੰਪ ਅਤੇ ਪਾਣੀ ਵਾਲੇ ਅੱਗ ਬੁਝਾਊ ਯੰਤਰ ਲਾਗੂ ਆਸਟ੍ਰੇਲੀਆਈ ਮਿਆਰਾਂ ਮੁਤਾਬਿਕ ਹੋਣੇ ਲਾਜ਼ਮੀ ਹਨ।

ਅੱਗ ਦੀ ਵਰਤੋਂ ਕਰਨ ਵਾਲੇ ਹਰੇਕ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਅੱਗ ਬਾਲਣ ਨਾਲ ਸੰਬੰਧਿਤ ਪਾਬੰਦੀ ਕਾਨੂੰਨਾਂ ਦੀ ਪਾਲਣਾ ਕਰੇ। ਅੱਗ ਦੀ ਵਰਤੋਂ ਕਰਨ ਵਾਲੇ ਹਰ ਵਿਅਕਤੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸਦੀ ਕਾਰਵਾਈ ਕਾਰਨ ਅੱਗ ਹੋਰ ਕਿਸੇ ਜਾਇਦਾਦ ‘ਤੇ ਨਾ ਫ਼ੈਲੇ। ਅਪਰਾਧ ਐਕਟ 1958 (ਵਿਕ) ਦੇ ਤਹਿਤ, ਕਿਸੇ ਵੀ ਵਿਅਕਤੀ ਦੁਆਰਾ ਜਾਣਬੁੱਝ ਕੇ ਜਾਂ ਲਾਪਰਵਾਹੀ ਨਾਲ ਅੱਗ ਲਗਾਉਣ, ਉਸਨੂੰ ਜਾਰੀ ਰੱਖਣ ਜਾਂ ਕਾਬੂ ਨਾ ਕਰਨ ਅਤੇ ਇਸਨੂੰ ਹੋਰ ਜਾਇਦਾਦ ‘ਤੇ ਫ਼ੈਲਣ ਦੇਣ ‘ਤੇ ਸਖ਼ਤ ਸਜ਼ਾਵਾਂ ਲਾਗੂ ਹੁੰਦੀਆਂ ਹਨ।

**ਮੈਂ ਘੋਸ਼ਿਤ 'ਫਾਇਰ ਡੇਂਜਰ ਪੀਰੀਅਡ' ਜਾਂ 'ਟੋਟਲ ਫਾਇਰ ਬੈਨ' ਵਾਲੇ ਦਿਨ ਦੌਰਾਨ ਅੱਗ ਦੀ ਵਰਤੋਂ ਲਈ ਪਰਮਿਟ ਲੈਣ ਲਈ ਅਰਜ਼ੀ ਕਿਵੇਂ ਦੇ ਸਕਦਾ ਹਾਂ?**

firepermits.vic.gov.au ‘ਤੇ ਜਾਓ।

**ਜੇਕਰ ਮੈਂ ਆਪਣੇ ਪਰਮਿਟ ਦੇ ਅਨੁਸਾਰ ਅੱਗ ਲਗਾਉਣ ਜਾ ਰਿਹਾ ਹਾਂ, ਤਾਂ ਮੈਨੂੰ ਕਿਸਨੂੰ ਸੂਚਿਤ ਕਰਨਾ ਚਾਹੀਦਾ ਹੈ?**

ਤੁਹਾਨੂੰ firepermits.vic.gov.au ਰਾਹੀਂ 'ਟ੍ਰਿਪਲ ਜ਼ੀਰੋ ਵਿਕਟੋਰੀਆ' (Triple Zero Victoria) ਨੂੰ ਸੂਚਿਤ ਕਰਨਾ ਚਾਹੀਦਾ ਹੈ। ਆਪਣੇ ਪਰਮਿਟ ਦੀਆਂ ਸ਼ਰਤਾਂ ਜਾਂਚੋ, ਕਿਉਂਕਿ ਅਕਸਰ ਹੋਰ ਵਿਅਕਤੀਆਂ ਜਾਂ ਅਧਿਕਾਰੀਆਂ ਨੂੰ ਵੀ ਸੂਚਿਤ ਕਰਨਾ ਲਾਜ਼ਮੀ ਹੁੰਦਾ ਹੈ।

**ਜੇਕਰ ਮੈਂ 'ਬਰਨ-ਆਫ਼' (ਅੱਗ ਨਾਲ ਕੁੱਝ ਸਾੜਨਾ) ਕਰਨ ਜਾ ਰਿਹਾ ਹਾਂ, ਤਾਂ ਮੈਨੂੰ ਕਿਸਨੂੰ ਸੂਚਿਤ ਕਰਨਾ ਚਾਹੀਦਾ ਹੈ?**

ਸਾਲ ਦੇ ਕਿਸੇ ਵੀ ਸਮੇਂ, ਤੁਹਾਨੂੰ 'ਟ੍ਰਿਪਲ ਜ਼ੀਰੋ ਵਿਕਟੋਰੀਆ' ਨੂੰ firepermits.vic.gov.au ਰਾਹੀਂ ਬਰਨ-ਆਫ਼ ਕਰਨ ਤੋਂ ਪਹਿਲਾਂ ਸੂਚਿਤ ਕਰਨਾ ਲਾਜ਼ਮੀ ਹੈ।

ਕਿਸੇ ਵੀ ਸਪਸ਼ਟੀਕਰਨ ਜਾਂ ਹੋਰ ਜਾਣਕਾਰੀ ਲਈ ਸੰਪਰਕ ਕਰੋ:

**CFA**: ਫ਼ੋਨ (03) 9262 8444;
ਈ-ਮੇਲ firepermitqueries@cfa.vic.gov.au

**DEECA**: ਫ਼ੋਨ 136 186;
ਵੈੱਬਸਾਈਟ: ffm.vic.gov.au/permits-and-regulations/fire-permits

**FRV**: ਫ਼ੋਨ (03) 9662 2311;
ਈ-ਮੇਲ firepermitqueries@frv.vic.gov.au

ਮੈਲਬੌਰਨ ਦੇ ਉੱਤਰ-ਪੂਰਬ ਅਤੇ ਪੂਰਬ ਵਿੱਚ ਬਹੁਤ ਸਾਰੀਆਂ ਨਗਰਪਾਲਿਕਾਵਾਂ ਵਿੱਚ, DEECA ਵੱਲੋਂ ਲਗਾਈਆਂ ਗਈਆਂ ਅੱਗ ਸੰਬੰਧੀ ਪਾਬੰਦੀਆਂ ਸਰਕਾਰੀ ਜ਼ਮੀਨ ਦੀ ਹੱਦ ਤੋਂ 1.5 ਕਿਲੋਮੀਟਰ ਤੱਕ ਦੇ ਘੇਰੇ ਵਾਲੇ ਖੇਤਰਾਂ ‘ਤੇ ਵੀ ਲਾਗੂ ਹੁੰਦੀਆਂ ਹਨ। ਵੇਰਵਿਆਂ ਲਈ DEECA ਦੀ ਵੈੱਬਸਾਈਟ ਦੇਖੋ।